


# ਅੰਮ੍ਰਿਤਸਰ ਦੇ ਲੱਡੂਆਂ ਦਾ ਸ਼ੌਕੀਨ ਹੈ ਪਾਕਿਸਤਾਨੀ ਸੂਫੀ ਗਾਇਕ ਆਰਿਫ ਲੁਹਾਰ

ਭਾਰਤ ਅਤੇ ਪਾਕਿਸਤਾਨ ਵਿਚਕਾਰ ਸੱਭਿਆਚਾਰਕ ਸਾਂਝਾਂ ਦੇ ਜਰੀਏ ਹੀ ਦੋਸਤੀ ਦੀਆਂ ਤੰਦਾਂ ਮਜਬੂਤ ਹੋ ਸਕਦੀਆਂ ਹਨ। ਪਾਕਿਸਤਾਨ ਦੇ ਕੁੱਝ ਗਾਇਕਾਂ ਨੂੰ ਭਾਰਤ 'ਚ ਤੇ ਭਾਰਤ ਦੇ ਗਾਇਕਾਂ ਨੂੰ ਪਾਕਿਸਤਾਨ 'ਚ ਬੜੀ ਰੀਝ ਨਾਲ ਸੁਣਿਆ ਜਾਂਦਾ ਹੈ। ਪਾਕਿਸਤਾਨ ਦੇ ਮਸ਼ਹੂਰ ਸੂਫੀ ਗਾਇਕ ਆਰਿਫ ਲੁਹਾਰ ਜਦੋਂ ਭਾਰਤ ਆਏ ਤਾਂ ਇਸ ਦੌਰਾਨ ਉਹਨਾਂ ਨਾਲ ਦੋਹਾਂ ਮੁਲਕਾਂ ਦੀ ਸਾਂਝ ਤੇ ਉਹਨਾਂ ਦੇ ਗਾਇਕੀ ਦੇ ਸਫਰ ਸਬੰਧੀ ਗੱਲਬਾਤ ਕਰਨ ਦਾ ਮੌਕਾ ਮਿਲਿਆ। ਪੇਸ਼ ਹਨ ਉਹਨਾਂ ਨਾਲ ਹੋਈ ਮੁਲਾਕਾਤ ਦੇ ਕੁੱਝ ਮੁੱਖ ਅੰਸ਼-

**ਸਵਾਲ : ਆਰਿਫ ਸਾਹਿਬ ਅਸੀਂ ਤੁਹਾਨੂੰ ਚੜਦੇ ਪੰਜਾਬ 'ਚ ਆਉਣ 'ਤੇ ਜੀ ਆਇਆਂ ਨੂੰ ਕਹਿੰਦੇ ਹਾਂ।**

**ਜਵਾਬ :** ਬੜੀ ਮਿਹਰਬਾਨੀ, ਸ਼ੁਕਰੀਆ ਮੇਰੇ ਵੱਲੋਂ ਸਭ ਨੂੰ ਸਲਾਮ ਏਕਮ, ਆਦਾਬ।

**ਸਵਾਲ : ਸਭ ਤੋਂ ਪਹਿਲਾਂ ਤੁਸੀਂ ਆਪਣੇ ਜਨਮ ਸਥਾਨ ਤੇ ਗਾਇਕੀ ਦੇ ਸਫਰ ਦੀ ਸ਼ੁਰੂਆਤ ਬਾਰੇ ਦੱਸੋ?**

**ਜਵਾਬ :** ਪਾਕਿਸਤਾਨ ਦਾ ਜ਼ਿਲ੍ਹਾ ਗੁਜਰਾਤ, ਜੋ ਪੰਜਾਬ ਦਾ ਹਿੱਸਾ ਹੈ। ਇਸ ਜ਼ਿਲੇ ਦੇ ਸ਼ਹਿਰ ਲਾਲਾ ਮੂਸਾ ਦਾ ਮੈਂ ਰਹਿਣ ਵਾਲਾ ਹਾਂ। ਮੇਰੇ ਵਾਲਿਦ ਸਾਹਿਬ (ਪਿਤਾ) ਆਲਮ ਲੁਹਾਰ ਜੋ ਲੋਕ ਦਾਸਤਾਨਾਂ ਗਾਉਂਦੇ ਸਨ। 3 ਜੁਲਾਈ1979 'ਚ ਉਹਨਾਂ ਦੀ ਕਾਰ ਹਾਦਸੇ 'ਚ ਮੌਤ ਹੋ ਗਈ। ਮੈਂ ਛੋਟੀ ਜਿਹੀ ਉਮਰ ਤੋਂ ਥੀਏਟਰਾਂ 'ਚ ਕੰਮ ਕਰਦਾ ਰਿਹਾ। ਥੀਏਟਰ ਮੇਰੇ ਵਾਲਿਦ ਸਾਹਿਬ ਚਲਾਉਂਦੇ ਸਨ। ਨਾਟਕਾਂ ਆਦਿ ਦੇ ਵਿੱਚ ਜਾ ਕੇ ਮੈਂ ਗਾਉਂਦਾ ਰਿਹਾ। ਹੌਲੀ-ਹੌਲੀ ਪਿੰਡਾਂ 'ਚੋਂ ਨਾਂਅ ਨਿੱਕਲ ਕੇ ਸ਼ਹਿਰ 'ਚ ਆ ਗਿਆ ਤੇ ਲੋਕਾਂ ਨੂੰ ਪਤਾ ਲੱਗ ਗਿਆ ਕਿ ਆਲਮ ਲੁਹਾਰ ਦਾ ਪੁੱਤਰ ਵੀ ਗਾਉਣ ਲੱਗ ਪਿਆ। ਰੱਬ ਨੇ ਮੇਰੇ 'ਤੇ ਬੜੀ ਮਿਹਰਬਾਨੀ ਕੀਤੀ, ਕਰਮਨਿਵਾਜੀ ਕੀਤੀ ਕਿ ਜਿੱਥੇ-ਜਿੱਥੇ ਵੀ ਫਿਰ ਮੈਂ ਗਾਇਆ ਲੋਕਾਂ ਦੇ ਦਿਲਾਂ 'ਚ ਮੇਰੇ ਵਾਸਤੇ ਪਿਆਰ ਪੈਦਾ ਹੋਇਆ ਤੇ ਉਹਨਾਂ ਦੇ ਦਿਲਾਂ 'ਚ ਮੇਰੀ ਥਾਂ ਬਣੀ।¢

**ਸਵਾਲ : ਤੁਸੀਂ ਭਾਰਤੀ ਪੰਜਾਬ ਅਤੇ ਪਾਕਿਸਤਾਨੀ ਪੰਜਾਬ 'ਚ ਕਿਨਾਂ ਕੁ ਫਰਕ ਮਹਿਸੂਸ ਕਰਦੇ ਹੋ?**

**ਜਵਾਬ :** ਅਸੀਂ ਜਦੋਂ ਪੰਜਾਬ ਦੀਆਂ ਰਵਾਇਤਾਂ ਨੂੰ ਦੇਖਦੇ ਹਾਂ ਤੇ ਅਸੀਂ ਆਪਣੇ ਮੁਲਕ ਤੋਂ ਇੱਧਰ ਆਉਂਦੇ ਹਾਂ ਤਾਂ ਬੇਸ਼ੁਮਾਰ ਜਿਹੜੀਆਂ ਸੂਫੀ ਹਸਤੀਆਂ ਨੇ ਉਹਨਾਂ ਦੀਆਂ ਕਾਫੀਆਂ ਇੱਥੇ ਵੀ ਪੜ੍ਹੀਆਂ ਜਾਂਦੀਆਂ ਨੇ, ਗਾਈਆਂ ਜਾਂਦੀਆਂ ਨੇ ਜਿਵੇਂ ਬੁੱਲੇ ਸ਼ਾਹ, ਬਾਬਾ ਫਰੀਦ ਸਰਕਾਰ ਅਤੇ ਬਾਹੂ ਸਰਕਾਰ ਦੀਆਂ ਕਾਫੀਆਂ ਪੜੀਆਂ ਜਾਂਦੀਆਂ ਨੇ ਇਸ ਲਈ ਮੈਂ ਸਮਝਦਾ ਕਿ ਜਿਹੜੀ ਸਾਡੀ ਮਾਂ ਬੋਲੀ ਹੈ ਇੱਕੋ ਜਿਹੀ ਹੈ, ਰਹਿਣ ਸਹਿਣ ਵੀ ਸਾਡਾ ਇੱਕੋ ਜਿਹਾ ਹੀ ਹੈ। ਸਭ ਤੋਂ ਵੱਡੀ ਗੱਲ ਸਾਨੂੰ ਦੋਵੇਂ ਪਾਸਿਆਂ ਦੇ ਲੋਕ ਇੱਕੋ ਜਿਹਾ ਪਿਆਰ ਦਿੰਦੇ ਹਨ। ਬੜਾ ਵਧੀਆ ਲੱਗਦਾ ਹੈ ਜਦੋਂ ਇੱਥੇ ਆਉਂਦੇ ਹਾਂ ਤੇ ਲੱਗਦਾ ਹੈ ਕਿ ਆਪਣਿਆਂ ਨਾਲ ਹੀ ਮੁਲਾਕਾਤ ਹੋ ਰਹੀ ਹੈ ਜਿਸ ਨਾਲ ਦਿਲ ਖੁਸ਼ ਹੁੰਦਾ ਹੈ।

**ਸਵਾਲ : ਆਰਿਫ ਸਾਹਿਬ ਤੁਸੀਂ ਚੜਦੇ ਤੇ ਲਹਿੰਦੇ ਪੰਜਾਬ ਦੀ ਗਾਇਕੀ 'ਚ ਕਿਨਾਂ ਕੁ ਫਰਕ ਮਹਿਸੂਸ ਕਰਦੇ ਹੋ?**

**ਜਵਾਬ :** ਗਾਇਕਾਂ 'ਚ ਮੈਂ ਸਮਝਦਾ ਹਾਂ ਕਿ ਗਾਇਕੀ ਇੱਕ ਖੁਦਾ ਦੀ ਦੇਣ ਹੁੰਦੀ ਹੈ। ਹਰ ਬੰਦੇ ਨੂੰ ਰੱਬ ਉਤਾਂਹ ਨਹੀਂ ਕਰਦਾ ਪਰ ਕੁੱਝ ਫਨਕਾਰ ਨੇ ਜਿਹੜੇ ਉਹ ਬਣਾਏ ਜਾਂਦੇ ਨੇ ਤੇ ਕੁੱਝ ਫਨਕਾਰ ਪੈਦਾ ਹੁੰਦੇ ਹਨ। ਪੈਦਾ ਹੋਣ ਵਾਲੇ ਫਨਕਾਰ ਆਪਣੀ ਪਛਾਣ ਛੱਡ ਜਾਂਦੇ ਨੇ ਜਿਵੇਂ ਮੁਹੰਮਦ ਰਫੀ, ਨੂਰ ਜਹਾਂ, ਮਹਿੰਦੀ ਹਸਨ ਖਾਂ, ਨੁਸਰਤ ਫਤਿਹ ਅਲੀ ਖਾਂ, ਕਿਸ਼ੋਰ ਕੁਮਾਰ, ਆਸਾ ਸਿੰਘ ਮਸਤਾਨਾ ਅਤੇ ਕਈ ਹੋਰ ਹਨ ਜਦੋਂ ਇਹਨਾਂ ਦੇ ਗਾਣਿਆਂ ਨੂੰ ਸੁਣੋਂਗੇ ਤਾਂ ਇਹਨਾਂ ਦੇ ਗੀਤਾਂ ਦਾ ਕਿਸੇ ਨਾਲ ਮੁਕਾਬਲਾ ਨਹੀਂ ਕਰ ਸਕਦੇ ਕਿਉਂਕਿ ਇਹ ਪੈਦਾ ਹੀ ਫਨਕਾਰ ਹੋਏ ਸਨ ਤੇ ਧੁਰ ਉਪਰੋਂ ਆਏ ਸਨ। ਜਿਹੜੇ ਫਨਕਾਰ ਬਣਦੇ ਨੇ ਉਹ ਵੀ ਵਧੀਆ ਕੰਮ ਕਰ ਰਹੇ ਨੇ ਮੈਂ ਕਿਸੇ ਨੂੰ ਮਾੜਾ ਨਹੀਂ ਕਹਿੰਦਾ ਪਰ ਜਿਹੜੀ ਕਲਾ ਹੈ ਉਹ ਕਿਸੇ-ਕਿਸੇ ਦੇ ਹਿੱਸੇ ਆਉਂਦੀ ਹੈ। ਹਰ ਕਲਾਕਾਰ ਦੀ ਆਪਣੀ ਬੋਲੀ ਹੈ ਅਤੇ ਆਪਣੇ ਫਨ ਦਾ ਬਾਦਸ਼ਾਹ ਹੈ।

**ਸਵਾਲ : ਆਰਿਫ ਜੀ ਸਰਕਾਰਾਂ ਆਪਣੇ ਇਲਾਕੇ ਦੇ ਮਹਾਨ ਕਲਾਕਾਰਾਂ ਨੂੰ ਐਵਾਰਡ ਦਿੰਦੀਆਂ ਹਨ ਤੇ ਤੁਹਾਨੂੰ ਕਿੰਨੇ ਕੁ ਐਵਾਰਡ ਨੇ ਜਿਹੜੇ ਹੁਣ ਤੱਕ ਮਿਲ ਚੁੱਕੇ ਹਨ?**

**ਜਵਾਬ :** ਮੇਰੀਆਂ ਤਾਂ ਜੀ ਸਾਰੀਆਂ ਸੈਲਫਾਂ ਹੀ ਭਰ ਗਈਆਂ ਐਵਾਰਡਾਂ ਨਾਲ। ਸਭ ਤੋਂ ਜਿਹੜਾ ਅਹਿਮ ਐਵਾਰਡ ਹੈ ਲੋਕਾਂ ਦਾ ਪਿਆਰ ਹੈ। ਉਹ ਸਮੇਂ-ਸਮੇਂ 'ਤੇ ਮਿਲਦਾ ਹੀ ਰਹਿੰਦਾ ਹੈ। ਇਸ ਤੋਂ ਇਲਾਵਾ ਜਿਹੜਾ 'ਸਰਦਾਰਥੀ ਐਵਾਰਡ' ਹੈ ਇਹ ਆਖਰੀ ਐਵਾਰਡ ਹੁੰਦਾ ਹੈ ਜਿਹੜਾ ਜ਼ਿੰਦਗੀ 'ਚ ਕਿਸੇ ਕਲਾਕਾਰ ਨੂੰ ਵੱਡੀਆਂ ਪ੍ਰਾਪਤੀਆਂ ਕਰਨ ਬਦਲੇ ਮਿਲਦਾ ਹੈ। ਮੈਨੂੰ ਬੜਾ ਫਖਰ ਹੈ ਕਿ ਮੇਰੇ ਵਾਲਿਦ ਸਾਹਿਬ ਨੂੰ ਸਰਦਾਰਥੀ ਐਵਾਰਡ ਮਿਲਿਆ ਸੀ ਤੇ ਉਸ ਤੋਂ ਬਾਅਦ ਮੈਂ ਆਪਣੇ ਮੁਲਕ ਦਾ ਪਹਿਲਾ ਪੁੱਤਰ ਸੀ ਜਿਸ ਨੂੰ ਇਹ ਐਵਾਰਡ ਮਿਲਿਆ।

**ਸਵਾਲ : ਅੱਜ ਦਾ ਯੁੱਗ ਇੱਕ ਕੰਪਿਊਟਰ ਯੁੱਗ ਹੈ¢ ਇਸ ਦੌਰ 'ਚ ਕਈ ਕਲਾਕਾਰ ਅਜਿਹੇ ਹਨ ਜਿਨਾਂ ਦੀਆਂ ਜਿਆਦਾਤਰ ਟੇਪਾਂ 'ਚ ਕੰਪਿਊਟਰ ਰਾਹੀਂ ਅਵਾਜ਼ ਦਿੱਤੀ ਹੁੰਦੀ ਹੈ। ਤੁਸੀਂ ਇਸ 'ਕੰਪਿਊਟਰ ਗਾਇਕੀ' ਨਾਲ ਸਹਿਮਤ ਹੋ?**

**ਜਵਾਬ :** (ਥੋੜਾ ਹੱਸਦੇ ਹੋਏ) ਇਹ ਵੀ ਇੱਕ ਕਲਾ ਜੀ, ਕਿਸੇ ਚੀਜ ਨੂੰ ਕੰਪਿਊਟਰ 'ਚ ਲੱਭਣਾ, ਫਿਰ ਉਹਨੂੰ ਅਵਾਮ ਤੱਕ ਪਹੁੰਚਾਉਣਾ। ਇਸ ਚੀਜ਼ ਦੀ ਉਹਨਾਂ ਨੂੰ ਦਾਦ ਦੇਣੀ ਚਾਹੀਦੀ ਹੈ ਪਰ ਸਭ ਤੋਂ ਅਹਿਮ ਗੱਲ ਹੁੰਦੀ ਹੈ ਕਿ ਉਸਤਾਦ ਦੀ ਰਹਿਨੁਮਾਈ 'ਚ ਰਹਿ ਕੇ ਸਿੱਖਣਾ ਅਤੇ ਆਪਣੀ ਕੁਦਰਤੀ ਅਵਾਜ ਰਾਹੀਂ ਗਾ ਕੇ ਲੋਕਾਂ ਤੱਕ ਪਹੁੰਚਾਉਣਾ ਜੋ ਜ਼ਿਆਦਾ ਅਸਰਅੰਦਾਜ਼ ਹੁੰਦੀ ਹੈ। ਇਹੋ ਕਾਰਨ ਹੈ ਕਿ ਪੁਰਾਣੇ ਕਲਾਕਾਰ ਭਾਵੇਂ ਇਸ ਦੁਨੀਆਂ ਤੇ ਨਹੀਂ ਰਹੇ ਪਰ ਉਹਨਾਂ ਦੇ ਗੀਤ ਅਮਰ ਹਨ ਕਿਉਂਕਿ ਸੁਰ 'ਚ ਉਹਨਾਂ ਨੇ ਗਾਇਆ ਸੀ ਤੇ ਉਹ ਸੁਰ ਅੱਜ ਵੀ ਜਿਉਂਦਾ ਹੈ। ਇਸ ਲਈ ਸੁਰੀਲਾ ਬੰਦਾ ਸਦਾ ਰਾਜ ਕਰਦਾ ਹੈ।

**ਸਵਾਲ : ਲੁਹਾਰ ਜੀ ਪਤਾ ਲੱਗਿਆ ਤੁਹਾਨੂੰ ਭਾਰਤ 'ਚ ਬਣਿਆ ਪਨੀਰ ਬਹੁਤ ਪਸੰਦ ਹੈ? ਇਸ ਤੋਂ ਇਲਾਵਾ ਹੋਰ ਕਿਹੜੀਆਂ-ਕਿਹੜੀਆਂ ਚੀਜਾਂ ਜਿਹੜੀਆਂ ਤੁਹਾਨੂੰ ਜ਼ਿਆਦਾ ਪਸੰਦ ਹਨ?**

**ਜਵਾਬ :** ਚੀਜਾਂ ਤਾਂ ਤਕਰੀਬਨ ਸਾਡੀਆਂ ਸਾਰੀਆਂ ਹੀ ਸਾਂਝੀਆਂ ਹਨ ਪਰ ਜਿਹੜਾ ਜਾਇਕਾ ਹੈ ਜਿਵੇਂ ਲੱਡੂ ਨੇ ਅੰਮ੍ਰਿਤਸਰ ਦੇ ਉਹ ਮੈਨੂੰ ਬੜੇ ਵਧੀਆ ਲੱਗਦੇ ਨੇ। ਇੱਥੇ ਪਤੀਸਾ ਵੀ ਚੰਗਾ ਮਿਲਦਾ ਹੈ। ਬਾਕੀ ਹੋਰ ਖਾਣ-ਪੀਣ ਵਾਲੀਆਂ ਚੀਜਾਂ ਸਾਡੀਆਂ ਲਗਭਗ ਇੱਕੋ ਜਿਹੀਆਂ ਹਨ।

**ਸਵਾਲ : ਗਾਇਕੀ ਤੋਂ ਬਿਨਾਂ ਹੋਰ ਤੁਹਾਨੂੰ ਕਿਹੜੇ-ਕਿਹੜੇ ਸ਼ੌਕ ਨੇ?**

**ਜਵਾਬ :** ਮੈਨੂੰ ਪੜਨ ਦਾ ਬੜਾ ਸ਼ੌਕ ਹੈ। ਸ਼ੇਅਰ ਲਿਖਣੇ ਅਤੇ ਵਿਹਲੇ ਬੈਠ ਕੇ ਆਪਣੀ ਕਲਾ ਬਾਰੇ ਹੀ ਸੋਚਦੇ ਰਹਿਣਾ ਮੇਰੇ ਸ਼ੌਕ ਹਨ।

**ਸਵਾਲ : ਹੁਣ ਤੱਕ ਕਿਨੀਆਂ ਟੇਪਾਂ ਤੁਹਾਡੀਆਂ ਮਾਰਕੀਟ 'ਚ ਆ ਚੁੱਕੀਆਂ ਹਨ?**



**ਜਵਾਬ :** 150 ਤੋਂ ਜ਼ਿਆਦਾ ਮੇਰੀਆਂ ਟੇਪਾਂ ਰਿਲੀਜ ਹੋ ਚੁੱਕੀਆਂ ਹਨ।

**ਸਵਾਲ : ਭਾਰਤ-ਪਾਕਿਸਤਾਨ ਦੇ ਸਬੰਧਾਂ ਬਾਰੇ ਤੁਸੀਂ ਕੀ ਕਹਿਣਾ ਚਾਹੁੰਦੇ ਹੋ?**

**ਜਵਾਬ :** ਬੜੀ ਖੁਸ਼ੀ ਦੀ ਗੱਲ ਹੈ ਕਿ ਹੁਣ ਸਾਡੇ ਦੋਹਾਂ ਦੇਸ਼ਾਂ ਦੇ ਆਪਸੀ ਸਬੰਧ ਫਿਰ ਸੁਧਰ ਰਹੇ ਹਨ। ਕਾਫੀ ਸਮੇਂ ਤੋਂ ਰੁਕੇ ਹੋਏ ਖੇਡ ਮੁਕਾਬਲੇ ਫਿਰ ਸ਼ੁਰੂ ਹੋਏ ਹਨ। ਸਾਡੇ ਵਜੀਰ-ਏ-ਆਜਮ ਦੀ ਵੀ ਇਹੋ ਕੋਸ਼ਿਸ਼ ਹੈ ਤੇ ਉਹ ਅਮਨ ਅਤੇ ਪਿਆਰ ਦਾ ਪੈਗਾਮ ਭੇਜਦੇ ਰਹਿੰਦੇ ਹਨ। ਦੋਹਾਂ ਮੁਲਕਾਂ 'ਚ ਇਹ ਆਪਸੀ ਸਾਂਝ ਹਮੇਸ਼ਾ ਬਣੀ ਰਹਿਣੀ ਚਾਹੀਦੀ ਹੈ।



**ਸਵਾਲ : ਭਾਰਤ-ਪਾਕਿ ਦੀ ਮਿੱਤਰਤਾ ਸਬੰਧੀ ਕੋਈ ਤੁਹਾਡੀ ਤੁਕਬੰਦੀ?**

**ਜਵਾਬ :** ਮੈਂ ਤਾਂ ਬੱਸ ਇਹੋ ਕਹਾਂਗਾ ਕਿ 'ਇੱਕ-ਦੂਜੇ ਨਾਲ ਕਰੋ ਪਿਆਰ ਕਹਿੰਦਾ ਹੈ ਤੁਹਾਨੂੰ ਆਰਿਫ ਲੁਹਾਰ'।

**ਸਵਾਲ : ਤੁਸੀਂ ਕਦੇ ਕਿਸੇ ਭਾਰਤੀ ਗਾਇਕ ਜਾਂ ਗਾਇਕਾ ਦੇ ਨਾਲ ਮਿਲਕੇ ਗਾਉਣ ਬਾਰੇ ਨਹੀਂ ਸੋਚਿਆ? ਭਾਰਤ ਦਾ ਕਿਹੜਾ ਕਲਾਕਾਰ ਹੈ ਜੋ ਤੁਹਾਨੂੰ ਜ਼ਿਆਦਾ ਪਸੰਦ ਹੈ?**

**ਜਵਾਬ :** ਸਾਰੇ ਹੀ ਜਿਉਂਦੇ ਰਹਿਣ ! ਬੜਾ ਵਧੀਆ ਕੰਮ ਕਰਦੇ ਨੇ। ਖੁਦਾ ਨੇ ਜਦੋਂ ਚਾਹਿਆ ਤੇ ਮੇਰੇ ਨਸੀਬਾਂ 'ਚ ਹੋਇਆ ਤਾਂ ਮੈਂ ਜ਼ਰੂਰ ਗਾਵਾਂਗਾ।

**ਸਵਾਲ : ਤੁਸੀਂ 'ਜੁਗਨੀ' ਰਾਹੀਂ ਆਪਣੀ ਵੱਖਰੀ ਪਹਿਚਾਣ ਬਣਾਈ ਹੈ ਪਰ ਇਹ ਜ਼ਰੂਰ ਦੱਸੋ ਵਿਸਥਾਰ ਨਾਲ ਕਿ ਆਖਰ 'ਜੁਗਨੀ' ਚੀਜ਼ ਕੀ ਹੈ?**

**ਜਵਾਬ :** ਜੁਗਨੀ ਸਭ ਤੋਂ ਪਹਿਲਾਂ ਮੇਰੇ ਵਾਲਿਦ ਸਾਹਿਬ ਆਲਮ ਲੁਹਾਰ ਜੀ ਨੇ ਗਾਈ। ਜੁਗਨੀ ਇੱਕ ਰੂਹ ਦਾ ਅਨੁਭਵ ਹੈ। ਰੂਹ ਨੂੰ ਹੀ ਜੁਗਨੀ ਕਿਹਾ ਜਾਂਦਾ ਹੈ। ਰੂਹ ਨੂੰ ਜੋ ਅਨੁਭਵ ਹੁੰਦਾ ਹੈ ਉਹੋ ਬਿਆਨ ਕਰਦੀ ਹੈ।

**ਸਵਾਲ : ਤੁਸੀਂ ਅੱਜ ਗਾਇਕੀ ਦੇ ਬਹੁਤ ਉਚੇ ਮੁਕਾਮ 'ਤੇ ਹੋ ਪਰ ਜੇਕਰ ਗਾਇਕ ਨਾ ਹੁੰਦੇ ਤਾਂ ਨਿੱਜੀ ਜ਼ਿੰਦਗੀ 'ਚ ਕੀ ਕੰਮਕਾਰ ਕਰਨਾ ਪਸੰਦ ਕਰਦੇ?**

**ਜਵਾਬ :** (ਮੁਸਕਰਾਉਂਦੇ ਹੋਏ) ਨਹੀਂ ਜੀ ਮੈਂ ਗਾਇਕ ਹੀ ਹੁੰਦਾ। ਮੈਨੂੰ ਖੁਦਾ ਨੇ ਬਣਾਇਆ ਹੀ ਇਸ ਕੰਮ ਵਾਸਤੇ ਤੇ ਭੇਜਿਆ ਵੀ ਇਸ ਕੰਮ ਵਾਸਤੇ ਹੈ।

**ਸਵਾਲ : ਤੁਸੀਂ ਉਹਨਾਂ ਕਲਾਕਾਰਾਂ ਜਾਂ ਗੀਤਕਾਰਾਂ ਨੂੰ ਕੀ ਸੁਨੇਹਾ ਦੇਣਾ ਚਾਹੁੰਦੇ ਹੋ ਜਿਨਾਂ ਨੇ ਅਸੱਭਿਅਕ ਗੀਤਾਂ ਰਾਹੀਂ ਸੱਭਿਆਚਾਰ 'ਚ ਵੱਡਾ ਖਲਾਅ ਪੈਦਾ ਕੀਤਾ ਹੈ? ਸੱਭਿਆਚਾਰ ਨੂੰ ਬਚਾਈ ਰੱਖਣ ਲਈ ਕੀ ਯਤਨ ਕਰਨੇ ਚਾਹੀਦੇ ਹਨ?**

**ਜਵਾਬ :** ਆਪਣੀ ਮਾਂ ਬੋਲੀ ਦੀ ਖਾਤਰ ਵਧੀਆ ਕੋਸ਼ਿਸ਼ਾਂ ਕਰਨੀਆਂ ਚਾਹੀਦੀਆਂ ਹਨ। ਸਾਡੀਆਂ ਰਵਾਇਤਾਂ ਅਨੁਸਾਰ ਹੀ ਗਾਇਆ ਤੇ ਲਿਖਿਆ ਜਾਵੇ¢ ਜਿਹੜੀਆਂ ਕੌਮਾਂ ਆਪਣਾ ਸੱਭਿਆਚਾਰ ਭੁੱਲ ਜਾਂਦੀਆਂ ਹਨ ਵਕਤ ਉਹਨਾਂ ਨੂੰ ਭੁਲਾ ਦਿੰਦਾ ਹੈ।

**ਸਵਾਲ : ਅਖੀਰ ਦੇ ਵਿੱਚ ਤੁਸੀਂ ਭਾਰਤ-ਪਾਕਿ ਦੇ ਲੋਕਾਂ ਨੂੰ ਕੀ ਸੁਨੇਹਾ ਦੇਣਾ ਚਾਹੁੰਦੇ ਹੋ?**

**ਜਵਾਬ :** ਮੈਂ ਤਾਂ ਬੱਸ ਇਹੋ ਕਹਾਂਗਾ ਕਿ ਦੋਹਾਂ ਪਾਸਿਆਂ ਦੇ ਲੋਕ ਵੈਰ ਵਿਰੋਧ ਨੂੰ ਭੁਲਾ ਦੇਣ। ਖੁਦਾ ਕਰੇ ਕਿ ਸਾਰੇ ਹੀ ਮੁਲਕਾਂ 'ਚ ਅਮਨ ਸ਼ਾਂਤੀ ਅਤੇ ਭਾਈਚਾਰਾ ਬਣਿਆ ਰਹੇ।

**ਮੁਲਾਕਾਤੀ : ਸੁਖਜੀਤ ਸਿੰਘ ਮਾਨ**
**ਪਿੰਡ : ਕੋਟਲੀ ਖੁਰਦ (ਬਠਿੰਡਾ)**
**ਮੋ : 94632-59220**

## ਬੱਬੂ ਮਾਨ ਵਰਗਾ ਬੇਖੌਫ, ਸੰਗੀਤ ਦੀ ਨਬਜ਼ ਫੜਨ ਵਾਲਾ ਤੇ ਸਚ ਆਖਣ ਵਾਲਾ ਮਰਦ ਗਾਇਕ ਮੈਂ ਕੋਈ ਹੋਰ ਨਹੀ ਦੇਖਿਆ !

### ਸਚ ਪੁਛੋ ਤਾਂ ਮੈਂ ਬੱਬੂ ਦਾ ਫੈਨ ਹਾਂ !



ਬੱਬੂ ਮਾਨ ਇਕ ਸਿਧਾ ਸਾਧਾ ਜਿਹਾ ਤੇ ਇਕ ਆਮ ਸਾਧਾਰਣ ਪੇਂਡੂ ਮੁੰਡਾ ਹੈ। ਲੋਕ ਉਸ ਬਾਰੇ ਕੀ ਵਿਚਾਰ ਰੱਖਦੇ ਹਨ ਇਹ ਮੈਂ ਨਹੀਂ ਜਾਣਦਾ ਪਰ ਸੱਚ ਇਹ ਹੈ ਕਿ ਮੇਰੇ ਨਾਲ ਪੰਜਾਬ ਦਾ ਬੁਹਤ ਸਾਰਾ ਗਾਇਕ ਤਬਕਾ ਕੰਮ ਕਰ ਚੁੱਕਾ ਹੈ ਪਰ ਬੱਬੂ ਮਾਨ ਵਰਗਾ ਕੋਈ ਮਰਦ ਗਾਇਕ ਮੈਂ ਨਹੀ ਦੇਖਿਆ ਜੋ ਦੇਸ਼ ਹਾਕਮਾਂ ਨੂੰ ਓਹਨਾਂ ਦੇ ਕੀਤੇ ਗੁਨਾਹਾਂ ਨੂੰ ਸ਼ਰੇਆਮ ਸਟੇਜ ਤੇ ਖੜ ਕੇ ਗਾ ਸਕਦਾ ਹੋਵੇ। ਉਂਝ ਮੈ ਉਸ ਨੂੰ ਭਲੀ ਭਾਂਤ ਜਾਣਦਾ ਹਾਂ। ਓਹ ਜਿਥੇ ਇਕ ਫਕਰ ਕਿਸਮ ਦਾ ਗਾਇਕ ਹੈ, ਉਥੇ ਓਹ ਇਕ ਸੰਜੀਦਾ ਤੇ ਡੂੰਘੀ ਸੋਚ ਵਾਲਾ ਗੀਤਕਾਰ ਤੇ ਇਕ ਖੂਬ ਸੂਰਤ ਅਦਾਕਾਰ ਵੀ ਹੈ। ਕੁਝ ਦਿਨ ਪਹਿਲਾਂ ਉਸਨੇ ਕੈਨੇਡਾ 'ਚ ਸਟੇਜ ਤੇ ਪਿਛਲੇ ਦਿੰਨੀ ਹਰਿਆਣਾ ਦੇ ਜਾਟ ਅੰਦੋਲਨ 'ਚ ਪੰਜਾਬੀ ਬੇਟੀਆਂ ਦੇ ਕੀਤੇ ਸ਼ੋਸ਼ਣ ਤੇ ਗੀਤ ਗਿਆ ਕਿ ਭੈਣੇ ਮੇਰੀ ਜੇ ਪੰਜਾਬ ਜਾਣਾ ਹੋਇਆ ਤਾਂ ਦਿੱਲੀ ਤੋਂ ਵਾਇਆ ਹਰਿਆਣੇ ਨਾਂ ਜਾਈ ਸਗੋਂ ਸਿੱਧੀ ਚੰਡੀਗੜ੍ਹ ਦੀ ਫਲੈਟ ਕਰਾਈ। ਹਰਿਆਣੇ 'ਚ ਤਾਂ ਪੰਜਾਬ ਦੀ ਧੀ ਦਾ ਲੰਗਣਾ ਵੀ ਸੁਰੱਖਿਅਤ ਨਹੀਂ। ਜਿਸ ਬਾਰੇ ਨਾਂ ਕੋਈ ਸਾਡਾ ਪੰਜਾਬ ਦਾ ਜਮੀਰ ਵਾਲਾ ਸਿਆਸਤਦਾਨ ਬੋਲਿਆ ਅਤੇ ਕੋਈ ਦੇਸ਼ ਹੋਰ ਸਿਆਸਤਦਾਨ ਬੋਲਿਆ। ਸਭ ਨੇ ਆਪਣੀਆ ਜਮੀਰਾਂ ਵੇਚ ਕੇ ਸ਼ਰਮਾਂ ਕਿਲੇ ਟੰਗੀਆਂ ਹੋਈਆਂ ਨੇ। ਬਸ ਮੈਨੂੰ ਤਾਂ ਬੱਬੂ ਮਾਨ ਹੀ ਜਮੀਰ ਵਾਲਾ ਗਾਇਕ ਦਿੱਸਿਆ ਹੈ, ਜਿਸ ਨੇ ਸੱਚ ਆਖਣ ਦੀ ਜੁਰਤ ਕੀਤੀ ਅਤੇ ਮੈਂ ਬੱਬੂ ਮਾਨ ਨੂੰ ਸਲੂਟ ਕਰਦਾ ਹੈ ਤੇ ਸੱਚ ਆਖਣ ਤੇ ਵਧਾਈ ਦਿੰਦਾ ਹਾਂ, ਵਾਹਿਗੁਰੂ ਇਸ ਮਾਰਦ ਗਾਇਕ ਨੂੰ ਲੰਮੀ ਉਮਰ ਬਖਸ਼ਣ।

**ਡਾ. ਮਨਜੀਤ ਸਿੰਘ ਸਰਾਂ**